**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**

ਵੱਲ :

**ਸਮੂਹ ਸਕੂਲ ਮੁੱਖੀ, ਪੰਜਾਬ**
**(ਜਿਨ੍ਹਾਂ ਸਕੂਲਾਂ ਵਿਚ ਬਾਇਓਮੈਟਰਿਕ ਸਿਸਟਮ ਲਾਗੂ ਕੀਤਾ ਗਿਆ ਹੈ)**

ਮੀਮੋ ਨੰ : 13/1-2019/SSA/MIS/General/
ਮਿਤੀ : 18 ਫਰਵਰੀ , 2019 55200

**ਵਿਸ਼ਾ : ਹਾਜਰੀ ਸਿਰਫ ਬਾਇਓਮੈਟਰਿਕ ਸਿਸਟਮ ਉੱਤੇ ਹੀ ਲਗਾਉਣ ਸਬੰਧੀ।**

ਸਿੱਖਿਆ ਵਿਭਾਗ ਵਲੋਂ ਪੰਜਾਬ ਰਾਜ ਦੇ ਕਈ ਸਕੂਲਾਂ ਵਿਚ ਬਾਇਓਮੈਟਰਿਕ ਸਿਸਟਮ ਲਾਗੂ ਕੀਤਾ ਗਿਆ ਹੈ। ਇਨ੍ਹਾਂ ਸਕੂਲਾਂ ਨੂੰ ਬਾਇਓਮੈਟਰਿਕ ਸਕੈਨਰ ਵੀ ਸਿੱਖਿਆ ਵਿਭਾਗ ਵਲੋਂ ਹੀ ਮੁਹਈਆ ਕਰਵਾਏ ਗਏ ਹਨ ਅਤੇ ਹਦਾਇਤ ਕੀਤੀ ਗਈ ਹੈ ਕਿ ਸਮੂਹ ਸਟਾਫ ਦੀ ਹਜਰੀ ਬਾਇਓਮੈਟਰਿਕ ਸਿਸਟਮ ਉੱਤੇ ਹੀ ਲਗਾਈ ਜਾਵੇ। ਇਸ ਸਿਸਟਮ ਨੂੰ ਚੱਲਦੇ ਕਾਫੀ ਸਮਾਂ ਹੋ ਗਿਆ ਹੈ ਅਤੇ ਸਕੂਲਾਂ ਦੀਆਂ ਤਕਨੀਕੀ ਖਾਮੀਆਂ ਨੂੰ ਵੀ ਐਮ.ਆਈ.ਐਸ. ਟੀਮ ਵਲੋਂ ਦੂਰ ਕੀਤਾ ਗਿਆ ਹੈ।

ਬਾਇਓਮੈਟਰਿਕ ਹਾਜਰੀ ਵਾਲੇ ਸਮੂਹ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀ ਹਾਜਰੀ ਸਿਰਫ ਬਾਇਓਮੈਟਰਿਕ ਸਿਸਟਮ ਰਾਹੀਂ ਹੀ ਲਗਾਉਣਗੇ। ਹਾਜਰੀ ਰਜਿਸਟਰ ਉੱਤੇ ਹਾਜਰੀ ਨਹੀਂ ਲਗਾਈ ਜਾਵੇਗੀ। ਸਿਰਫ ਉਹ ਕਰਮਚਾਰੀ ਹੀ ਆਪਣੀ ਹਾਜਰੀ ਰਜਿਸਟਰ ਉੱਤੇ ਲਗਾ ਸਕਦੇ ਹਨ ਜਿਨ੍ਹਾਂ ਦੀਆਂ ਉਂਗਲਾਂ ਦੀ ਸਕੈਨਿੰਗ ਬਾਇਓਮੈਟਰਿਕ ਸਕੈਨਰ ਉੱਤੇ ਨਹੀਂ ਹੁੰਦੀ ਅਤੇ ਉਨ੍ਹਾਂ ਨੂੰ ਜਿਲ੍ਹਾ ਐਮ.ਆਈ.ਐਸ. ਟੀਮ ਵਲੋਂ ਉਂਗਲਾਂ ਚੈੱਕ ਕਰਕੇ ਛੋਟ ਦਿੱਤੀ ਗਈ ਹੋਵੇ।

ਉਪਰੋਕਤ ਸਬੰਧੀ ਸਬੰਧਤ ਡੀ.ਡੀ.ਓਜ਼. ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਫਰਵਰੀ, 2019 ਮਹੀਨੇ ਦੀ ਤਨਖ੍ਹਾਹ ਸਿਰਫ ਬਾਇਓਮੈਟਰਿਕ ਸਿਸਟਮ ਤੋਂ ਜਨਰੇਟ ਹੋਈ ਰਿਪੋਰਟ ਦੇ ਅਧਾਰ ਉੱਤੇ ਹੀ ਬਨਾਉਣਗੇ।

18/02/19
**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-**

1) ਪੀ.ਏ., ਸਕੱਤਰ ਸਕੂਲ ਸਿੱਖਿਆ, ਪੰਜਾਬ
2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.), ਪੰਜਾਬ
3) ਸਮੂਹ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ, ਪੰਜਾਬ